ਸਮਾਂ ਬੱਧ/
ਅਤਿ ਜ਼ਰੂਰੀ

ਪੰਜਾਬ ਸਰਕਾਰ
ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ
(ਬਜਟ ਲੇਖਾ ਅਤੇ ਜੋੜ ਸਾਖਾ)

ਸੇਵਾ ਵਿਖੇ

ਡਵੀਜਨਲ ਡਿਪਟੀ ਡਾਇਰੈਕਟਰ
ਜਲੰਧਰ, ਪਟਿਆਲਾ, ਫਿਰੋਜਪੁਰ ਅਤੇ ਫਰੀਦਕੋਟ।

ਮੀਮੋ ਨੰ:26/2/11 ਬਲਜ/ 2963
ਮੋਹਾਲੀ, ਮਿਤੀ 9/8/11

ਵਿਸਾ: 13ਵੇਂ ਵਿੱਤ ਕਮਿਸਨ ਦੀਆਂ ਸਿਫਾਰਸਾਂ ਤੇ ਜਾਰੀ ਕੀਤੀ ਗਈ ਗਰਾਂਟ(ਪਹਿਲੀ ਕਿਸਤ) ਦੀ ਪ੍ਰਗਤੀ ਰਿਪੋਰਟ ਅਤੇ ਵਰਤੋ ਸਰਟੀਫੀਕੇਟ ਭੇਜਣ ਬਾਰੇ।

ਹਵਾਲਾ: ਇਸ ਵਿਭਾਗ ਦੇ ਪੱਤਰ ਨੰ:1404 ਮਿਤੀ 4.4.11 ਨੰ: 26/7/05. ਬਲਜ.2/380 ਮਿਤੀ 15.7.11 ਅਤੇ ਨੰ: 2628 ਮਿਤੀ 18.7.11 ਅਤੇ ਅ.ਸ.ਪ.ਨੰ: 2867 ਤੋਂ 2887 ਮਿਤੀ 2.8.11 ਡੀ.ਡੀ.ਪੀ.ਓਜ ਵੱਲ ।

ਉਪਰੋਕਤ ਵਿਸੇ ਤੇ ਹਵਾਲਾ ਅਧੀਨ ਪੱਤਰ ਰਾਂਹੀ ਲਿਖਿਆ ਜਾਂਦਾ ਹੈ ਕਿ ਮਹੀਨਾ ਜਨਵਰੀ, 2011 ਅਤੇ ਅਪ੍ਰੈਲ 2011 ਦੌਰਾਨ ਅਨੁਸੂਚਿਤ ਜਾਤੀ ਅਬਾਦੀ ਅਤੇ ਜਨਰਲ ਅਬਾਦੀ ਦੇ ਅਧਾਰ ਤੇ ਸਮੂਹ ਡੀ.ਡੀ.ਪੀ.ਓਜ ਨੂੰ ਗਰਾਂਟ ਜਾਰੀ ਕੀਤੀ ਗਈ ਸੀ ਅਤੇ ਲਿਖਿਆ ਗਿਆ ਸੀ ਕਿ ਇਹ ਰਾਸੀ ਗਰਾਮ ਪੰਚਾਇਤਾਂ ਤੋ ਜਲਦੀ ਤੋ ਜਲਦੀ ਖਰਚ ਕਰਵਾਈ ਜਾਵੇ ਅਤੇ ਵਰਤੋ ਸਰਟੀਫੀਕੇਟ ਇਸ ਦਫਤਰ ਨੂੰ ਭੇਜੇ ਜਾਣ। ਅਜੇ ਤੱਕ ਜਿਲਾ ਵਿਕਾਸ ਤੇ ਪੰਚਾਇਤ ਅਫਸਰਾਂ ਵਲੋਂ ਵਰਤੋਂ ਸਰਟੀਫੀਕੇਟ ਇਸ ਦਫਤਰ ਨੂੰ ਨਹੀ ਭੇਜੇ ਗਏ ਜਿਸ ਦਾ ਮਾਨਯੋਗ ਵਿਤੀ ਕਮਿਸਨਰ ਪੇਂਡੂ ਵਿਕਾਸ ਤੇ ਪੰਚਾਇਤ ਜੀ ਨੇ ਗੰਭੀਰ ਨੋਟਿਸ ਲਿਆ ਹੈ। ਆਪ ਨੂੰ ਲਿਖਿਆ ਜਾਂਦਾ ਹੈ ਕਿ ਹੁਣ ਤੱਕ ਪੰਚਾਇਤਾਂ ਵਿੱਚ ਜੋ ਗਰਾਂਟ ਖਰਚ ਕੀਤੀ ਜਾ ਚੁਕੀ ਹੈ ਉਸ ਸਬੰਧੀ ਹੇਠ ਲਿਖੇ ਪ੍ਰਫਾਰਮੇ ਵਿੱਚ ਰਿਪੋਰਟ ਜਿਲਾ ਵਾਰ ਕੰਪਾਇਲ ਕਰਕੇ ਮਿਤੀ 11.8.11 ਨੂੰ 2.00 ਵਜੇ ਤੋ ਪਹਿਲਾਂ ਪਹਿਲਾਂ ਵਿਸੇਸ ਦੂਤ ਰਾਂਹੀ ਭੇਜਣੀ ਯਕੀਨੀ ਬਣਾਈ ਜਾਵੇ। 12ਵਾਂ ਵਿੱਤ ਕਮਿਸਨ ਤਹਿਤ ਜਾਰੀ ਕੀਤੀਆਂ ਗਈਆਂ ਗਰਾਂਟਾਂ ਦੇ ਲੰਬਿਤ ਪਏ ਵਰਤੋ ਸਰਟੀਫਿਕੇਟ ਜਲਦੀ ਤੋ ਜਲਦੀ ਵਿਸੇਸ ਧਿਆਨ ਦੇ ਕੇ ਭਿਜਵਾਏ ਜਾਣ।

ਪ੍ਰੋਫਾਰਮਾ

| ਬਲਾਕ ਦਾ ਨਾਂ | ਪੰਚਾਇਤ ਦਾ ਨਾਂ | ਜਾਰੀ ਕੀਤੀ ਰਾਸੀ | ਹੁਣ ਤੱਕ ਖਰਚ ਹੋਈ ਰਾਸੀ | ਬਕਾਇਆ ਰਾਸੀ | ਮੰਤਵ | ਕੰਮ ਦਾ ਪ੍ਰਗਤੀ-ਅਧੀਨ | ਵਿਸੇਸ ਕਥਨ |
|---|---|---|---|---|---|---|---|
| | | | | | | | |

ਡਾਇਰੈਕਟਰ ਪੇਂਡੂ ਵਿਕਾਸ ਅਤੇ ਪੰਚਾਇਤ,
ਪੰਜਾਬ।